ਓ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ
ਨਵੰਬਰ ਪੀ੍ਖਿਆ (2024)
ਵਿਸ਼ਾ : ਪੰਜਾਬੀ। ( Set A)
ਜਮਾਤ:ਛੇਵੀਂ। ਅਧਿਕਤਮ ਅੰਕ 30

ਸਮਾਂ :- 1.20 ਮਿੰਟ
ਜਰੂਰੀ ਹਦਾਇਤਾਂ:- (ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।
(ਅ) ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| | | |
|---|---|---|
| | **ਭਾਗ-(ੳ) ਵਿਆਕਰਨ** | |
| ਪ੍ਰ. 1 | **ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ :-**<br>(ੳ) ਨਾਗ (ਅ) ਗਰੀਬ | (2) |
| ਪ੍ਰ. 2 | **ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ :-** (ੳ) ਚਾਚਾ (ਅ ) ਕਲਮ | (2) |
| ਪ੍ਰ.3 | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-**<br>1. ਅੰਦਰ 2. ਸੰਭਵ | (2) |
| ਪ੍ਰ.4 | **ਹੇਠਾਂ ਲਿਖੇ ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ।**<br>(ੳ) ਜਿਸ ਕੋਲ ਬਹੁਤ ਧੰਨ ਹੋਵੇ। | (1) |
| | **ਭਾਗ (ਅ) ਸਾਹਿਤ** | |
| ਪ੍ਰ.5 | **ਹੇਠਾਂ ਲਿਖੇ ਕਾਵ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।**<br>**ਰੁੱਖ ਦਿੰਦੇ ਨੇ ਠੰਢੀ ਛਾਂ,**<br>**ਛਾਂ ਇਹਨਾਂ ਦੀ ਵਾਂਗਰ ਮਾਂ।**<br>**ਇਸ ਦਾ ਪੂਰਾ ਅਨੰਦ ਉਠਾਈਏ,**<br>**ਸੁੰਦਰ ਵਾਤਾਵਰਨ ਬਣਾਈਏ।**<br>**ਆਕਸੀਜਨ ਦਾ ਇਹ ਭੰਡਾਰ,**<br>**ਜਿਸ ਨਾਲ ਜਿਉਂਦਾ ਹੈ ਸੰਸਾਰ।**<br>ਪ੍ਰ.(1) ਇਸ ਕਵਿਤਾ ਦਾ ਨਾਂ ਕੀ ਹੈ ?<br>ਪ੍ਰ.(2) ਇਸ ਕਵਿਤਾ ਦੇ ਕਵੀ ਦਾ ਨਾਂ ਕੀ ਹੈ ?<br>ਪ੍ਰ.(3) ਰੁੱਖ ਸਾਨੂੰ ਕੀ ਦਿੰਦੇ ਹਨ ?<br>ਪ੍ਰ.(4) ਰੁੱਖਾਂ ਦੀ ਛਾਂ ਕਿਸ ਵਰਗੀ ਹੁੰਦੀ ਹੈ ?<br>ਪ੍ਰ.(5) ਕੌਣ ਆਕਸੀਜਨ ਦਾ ਭੰਡਾਰ ਹੁੰਦੇ ਹਨ ? | (5) |
| ਪ੍ਰ. 6 | **ਪਾਠ - 1 'ਖੇਡੋ ਹੋਲੀ' ਦਾ ਸਾਰ ਲਿਖੋ ।** | (4) |
| ਪ੍ਰ.7 | **ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ਪ੍ਰ.(ੳ) ਮੱਖੀ- ਪਾਲਕ ਸ਼ਹਿਦ ਕਿਵੇਂ ਇਕੱਠਾ ਕਰਦੇ ਹਨ ?<br>ਪ੍ਰ.(ਅ) ਮਨਸੇ ਨੂੰ ਕਿਸ ਚੀਜ਼ ਦਾ ਡਰ ਸੀ ? | 2*2=4 |
| ਪ੍ਰ. 8 | **ਖਾਲੀ ਥਾਵਾਂ ਭਰੋ :-**<br>**(ਰਾਣੀ , ਪੂੜੀਆਂ , ਹੈਂਕੜ )**<br>(1) ਮਨਸੇ ਨੇ ਕਿਹਾ,"ਦੁਪਹਿਰ ਨੂੰ ਇਹਨਾਂ ਨੂੰ---------ਬਣਾ ਕੇ ਖਵਾਈਂ।<br>(2) ਲੂੰਬੜੀ ਨੇ ਕਿਹਾ," ਹੁਣੇ ਦੱਸਦੀ ਆਂ ਤੈਨੂੰ ਤੇਰੀ---------ਦਾ ਪਤਾ।"।<br>(3)------- ਮੱਖੀ ਸਿਰਫ ਆਂਡੇ ਹੀ ਦਿੰਦੀ ਹੈ। | (3) |
| ਪ੍ਰ.9 | **ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨ ਦੇ ਸਹੀ ਉੱਤਰ ਚੁਣੋ :-**<br>**(1)** ਇਹਨਾਂ ਵਿੱਚੋਂ ਕੀ ਤਕਲੀਫ਼ ਹੋਣ 'ਤੇ ਸ਼ਹਿਦ ਦੀ ਵਰਤੋਂ ਦਵਾਈ ਵਾਂਗ ਕੀਤੀ ਜਾਂਦੀ ਹੈ ?<br>(ੳ) ਗਲਾ ਖਰਾਬ ਹੋਣ 'ਤੇ<br>(ਅ) ਜੁਕਾਮ ਹੋਣ 'ਤੇ<br>(ੲ) ਪੇਟ ਖ਼ਰਾਬ ਹੋਣ 'ਤੇ | (4) |

| | | |
|---|---|---|
| | (2) ਵੈਸੇ ਤਾਂ ਕਿਸਾਨ ਤੇ ਉਸਦੀ ਪਤਨੀ ਰੱਜੇ - ਪੁੱਜੇ ਸਨ ਪਰ<br>(ੳ) ਉਹ ਬਹੁਤ ਕੰਜੂਸ ਸਨ।<br>(ਅ) ਘਰ ਵਿੱਚ ਕੰਮ ਕਰਨ ਵਾਲਿਆਂ ਦੀ ਕਮੀ ਸੀ।<br>(ੲ) ਉਹਨਾਂ ਦੇ ਕੋਈ ਔਲਾਦ ਨਹੀਂ ਸੀ।<br><br>(3) ਛੱਤੇ ਦੇ ਸਾਰੇ ਕੰਮ ਕੌਣ ਕਰਦਾ ਹੈ ?<br>(ੳ) ਸ਼ਹਿਦ ਦੀਆਂ ਮੱਖੀਆਂ<br>(ਅ) ਸਿਪਾਹੀ ਮੱਖੀਆਂ<br>(ੲ) ਕਾਮਾ - ਮੱਖੀਆਂ<br><br>(4) ਮਨਸੇ ਨੇ ਗੁਰੋ ਨੂੰ ਕਾਮਿਆਂ ਲਈ ਪੂੜੀਆਂ ਬਣਾਉਣ ਲਈ ਕਿਉਂ ਕਿਹਾ ?<br>(ੳ) ਕਿਉਂਕਿ ਉਹ ਤਿਉਹਾਰ ਵਾਲੇ ਦਿਨ ਵੀ ਕੰਮ ਤੇ ਆਏ ਸਨ।<br>(ਅ) ਕਿਉਂਕਿ ਕਾਮਿਆਂ ਨੂੰ ਭੁੱਖ ਲੱਗੀ ਸੀ।<br>(ੲ) ਕਿਉਂਕਿ ਕਾਮਿਆਂ ਨੂੰ ਪੂੜੀਆਂ ਬਹੁਤ ਪਸੰਦ ਸਨ। | |
| **ਪ੍ਰ.10** | **ਹੇਠਾਂ ਦਿੱਤੇ ਗਏ ਵਾਕ ਪੜ੍ਹ ਕੇ ਸਹੀ ਤੇ ਗਲਤ ਦਾ ਨਿਸ਼ਾਨ ਲਗਾਓ -**<br>**1. ਇਕ ਛੱਤੇ ਵਿੱਚ ਕਈ ਰਾਣੀ ਮੱਖੀਆਂ ਹੁੰਦੀਆਂ ਹਨ। ( )**<br>**2. ਕਾਮਾ - ਮੱਖੀਆਂ ਰਾਣੀ ਮੱਖੀ ਦੀ ਦੇਖ -ਭਾਲ ਕਰਦੀਆਂ ਹਨ । ( )** | **(2)** |
| **ਪ੍ਰ. 11** | **ਕਿਸ ਨੇ ਕਿਸ ਨੂੰ ਕਿਹਾ_____**<br>(ੳ) ਦੁਪਹਿਰ ਨੂੰ ਇਹਨਾਂ ਨੂੰ ਪੂੜੀਆਂ ਬਣਾ ਕੇ ਖਵਾਈਂ ।<br>-------------------, --------------------- | **(1)** |

ੳ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ
ਨਵੰਬਰ ਪ੍ਰੀਖਿਆ (2024)
ਵਿਸ਼ਾ : ਪੰਜਾਬੀ। ( Set B)
ਜਮਾਤ : ਛੇਵੀਂ। ਅਧਿਕਤਮ ਅੰਕ 30

ਸਮਾਂ :- 1.20 ਮਿੰਟ
ਜਰੂਰੀ ਹਦਾਇਤਾਂ:- (ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।
(ਅ) ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| | | |
|---|---|---|
| | **ਭਾਗ-(ੳ) ਵਿਆਕਰਨ** | |
| ਪ੍ਰ. 1 | **ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ :-**<br>(ੳ) ਰਾਗ (ਅ) ਸ਼ੇਰ | (2) |
| ਪ੍ਰ. 2 | **ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ :-**<br>(ੳ) ਮਾਮਾ (ਅ ) ਪਹਾੜ | (2) |
| ਪ੍ਰ.3 | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-**<br>1. ਅਗੇਤਰ 2. ਆਸਤਕ | (2) |
| ਪ੍ਰ.4 | **ਹੇਠਾਂ ਲਿਖੇ ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ।**<br>(ੳ) ਜੋ ਦੂਸਰਿਆਂ ਦੇ ਦੁੱਖ -ਦਰਦ ਨੂੰ ਸਮਝਦਾ ਹੋਵੇ । | (1) |
| | **ਭਾਗ (ਅ) ਸਾਹਿਤ** | |
| ਪ੍ਰ.5 | **ਹੇਠਾਂ ਲਿਖੇ ਕਾਵ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।**<br>**ਪੰਛੀ ਇਹਨਾਂ 'ਤੇ ਰੌਣਕ ਲਾਉਂਦੇ,**<br>**ਮਿੱਠੇ - ਮਿੱਠੇ ਗੀਤ ਸੁਣਾਉਂਦੇ।**<br>**ਇਨਾਂ ਦੇ ਘਰ - ਘਾਟ ਬਚਾਈਏ,**<br>**ਸੁੰਦਰ ਵਾਤਾਵਰਣ ਬਣਾਈਏ।**<br>**ਵਾਤਾਵਰਨ 'ਚ ਫੈਲਿਆ ਜ਼ਹਿਰ,**<br>**ਬਣ ਕੇ ਆਇਆ ਵੱਡਾ ਕਹਿਰ।**<br>ਪ੍ਰ.(1) ਇਸ ਕਵਿਤਾ ਦਾ ਨਾਂ ਕੀ ਹੈ ?<br>ਪ੍ਰ.(2) ਇਸ ਕਵਿਤਾ ਦੇ ਕਵੀ ਦਾ ਨਾਂ ਕੀ ਹੈ ?<br>ਪ੍ਰ.(3) ਰੁੱਖਾਂ ਤੇ ਰੌਣਕ ਕੌਣ ਲਾਉਂਦੇ ਹਨ ?<br>ਪ੍ਰ.(4) ਪੰਛੀ ਰੁੱਖਾਂ ਤੇ ਕੀ ਬਣਾਉਂਦੇ ਹਨ ?<br>ਪ੍ਰ.(5) ਕਵੀ ਸਾਨੂੰ ਪੰਛੀਆਂ ਦੇ ਕੀ ਬਚਾਉਣ ਲਈ ਆਖਦਾ ਹੈ ? | (5) |
| ਪ੍ਰ. 6 | **ਪਾਠ - 1 'ਖੇਡੋ ਹੋਲੀ' ਦਾ ਸਾਰ ਲਿਖੋ ।** | (4) |
| ਪ੍ਰ.7 | **ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ਪ੍ਰ.(ੳ) ਸ਼ਹਿਦ ਕਿਸ ਚੀਜ਼ ਤੋਂ ਤਿਆਰ ਕੀਤਾ ਜਾਂਦਾ ਤੇ ਇਸ ਨੂੰ ਕੌਣ ਬਣਾਉਂਦਾ ਹੈ ?<br>ਪ੍ਰ.(ਅ) ਕਿਸਾਨ ਨੂੰ ਵਾਢੀ ਲਈ ਮਜ਼ਦੂਰ ਕਿਉਂ ਨਹੀਂ ਮਿਲ ਰਹੇ ਸਨ ? | 2*2=4 |
| ਪ੍ਰ. 8 | **ਖਾਲੀ ਥਾਵਾਂ ਭਰੋ :-**<br>**(ਸ਼ਹਿਦ , ਵਾਢੀ , ਇੱਕ )**<br>(1) ਸ਼ਹਿਦ ਦੀਆਂ ਮੱਖੀਆਂ---------ਬਣਾਉਂਦੀਆਂ ਹਨ।<br>(2) --------ਵੇਲ਼ੇ ਸਾਰੇ ਕਿਸਾਨ ਤੇ ਕਾਮੇ ਬਹੁਤ ਰੁੱਝੇ ਹੁੰਦੇ ਹਨ।<br>(3) ਇੱਕ ਛੱਤੇ ਵਿੱਚ-------ਹੀ ਰਾਣੀ ਮੱਖੀ ਹੁੰਦੀ ਹੈ। | (3) |

| | | |
|---|---|---|
| ਪ੍ਰ.9 | **ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨ ਦੇ ਸਹੀ ਉੱਤਰ ਚੁਣੋ :-**<br>(1) ਕੁਦਰਤ ਦੀ ਸਭ ਤੋਂ ਮਿੱਠੀ ਵਸਤੂ ਕਿਸ ਨੂੰ ਮੰਨਿਆ ਜਾਂਦਾ ਹੈ ?<br>(ੳ) ਫ਼ਲ<br>(ਅ) ਸ਼ਹਿਦ<br>(ੲ) ਸਬਜ਼ੀਆਂ<br><br>(2) ਪੂੜੀ ਨੇ ਚਿੜ ਕੇ ਬੁੱਧੂ ਦੀ ਮਾਂ ਨੂੰ ਕੀ ਕਿਹਾ?<br>(ੳ) ਪਹਿਲਾਂ ਤੇਲ ਗਰਮ ਤਾਂ ਕਰ ਲੈ, ਫੇਰ ਪੂੜੀਆਂ ਬਣਾਈਂ<br>(ਅ) ਤੂੰ ਬੁੱਧੂ ਦਾ ਮੂੰਹ ਪੂੰਝ ਤੇ ਮੈਂ ਚਲਦੀ ਹਾਂ।<br>(ੲ) ਤੂੰ ਬੁੱਧੂ ਨੂੰ ਪੜ੍ਹਾ ਤੇ ਮੈਂ ਚਲਦੀ ਹਾਂ।<br>(3) ਸ਼ਹਿਦ ਦੀਆਂ ਮੱਖੀਆਂ ਨੈਕਟਰ ਕਿੱਥੋਂ ਇਕੱਠਾ ਕਰਦੀਆਂ ਹਨ।<br>(ੳ) ਰੁੱਖਾਂ ਤੋਂ<br>(ਅ) ਪਾਣੀ ਚੋਂ<br>(ੲ) ਫੁੱਲਾਂ ਤੋਂ<br><br>(4) ਮਨਸੇ ਨੇ ਗੁਰੋ ਨੂੰ ਕਾਮਿਆਂ ਲਈ ਪੂੜੀਆਂ ਬਣਾਉਣ ਲਈ ਕਿਉਂ ਕਿਹਾ ?<br>(ੳ) ਕਿਉਂਕਿ ਉਹ ਤਿਉਹਾਰ ਵਾਲੇ ਦਿਨ ਵੀ ਕੰਮ ਤੇ ਆਏ ਸਨ।<br>(ਅ) ਕਿਉਂਕਿ ਕਾਮਿਆਂ ਨੂੰ ਭੁੱਖ ਲੱਗੀ ਸੀ।<br>(ੲ) ਕਿਉਂਕਿ ਕਾਮਿਆਂ ਨੂੰ ਪੂੜੀਆਂ ਬਹੁਤ ਪਸੰਦ ਸਨ। | (4) |
| ਪ੍ਰ.10 | **ਹੇਠਾਂ ਦਿੱਤੇ ਗਏ ਵਾਕ ਪੜ੍ਹ ਕੇ ਸਹੀ ਤੇ ਗਲਤ ਦਾ ਨਿਸ਼ਾਨ ਲਗਾਓ -**<br>1. ਸ਼ਹਿਦ ਦਾ ਸੁਆਦ ਕੌੜਾ ਹੁੰਦਾ ਹੈ। ( )<br>2. ਸ਼ਹਿਦ ਦੀ ਵਰਤੋ ਦਵਾਈਆਂ ਵਿੱਚ ਹੁੰਦੀ ਹੈ। ( ) | (2) |
| ਪ੍ਰ. 11 | **ਕਿਸ ਨੇ ਕਿਸ ਨੂੰ ਕਿਹਾ_____**<br>(ੳ) ਤੂੰ ਬੁੱਧੂ ਦਾ ਮੂੰਹ ਪੂੰਝ ਤੇ ਮੈਂ ਚਲਦੀ ਹਾਂ।<br>-------------------, --------------------- | (1) |

**ਓ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ**

**ਨਵੰਬਰ ਪ੍ਰੀਖਿਆ (2024)**

**ਵਿਸ਼ਾ : ਪੰਜਾਬੀ।** **( Set B)**

**ਜਮਾਤ : ਛੇਵੀਂ।** **ਅਧਿਕਤਮ ਅੰਕ 30**

**ਸਮਾਂ :- 1.20 ਮਿੰਟ**

ਜ਼ਰੂਰੀ ਸੂਚਨਾ :-ਜੇਕਰ ਅਜਿਹਾ ਕੋਈ ਸਹੀ ਉੱਤਰ ਜਿਹੜਾ ਵਿਦਿਆਰਥੀ ਨੇ ਲਿਖਿਆ ਹੈ ਪਰ ਉੱਤਰ ਕੁੰਜੀ ਵਿੱਚ ਦਰਜ ਨਹੀਂ ਹੈ ਤਾਂ ਉਸ ਦੇ ਵੀ ਅੰਕ ਦਿੱਤੇ ਜਾਣਗੇ ।

| | | |
|---|---|---|
| | **ਭਾਗ-(ੳ) ਵਿਆਕਰਨ** | |
| **ਪ੍ਰ. 1** | **ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ :-**<br>(ੳ) ਰਾਗਣੀ (ਅ) ਸ਼ੇਰਨੀ | **(2)** |
| **ਪ੍ਰ. 2** | **ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ :-** (ੳ) ਮਾਮੇ (ਅ ) ਪਹਾੜੀਆਂ | **(2)** |
| **ਪ੍ਰ 3** | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-**<br>1. ਪਿਛੇਤਰ 2. ਨਾਸਤਕ | **(2)** |
| **ਪ੍ਰ 4** | **ਹੇਠਾਂ ਲਿਖੇ ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ।**<br>**(ੳ) ਦਰਦਮੰਦ** | **(1)** |
| | **ਭਾਗ (ਅ) ਸਾਹਿਤ** | |
| **ਪ੍ਰ 5** | **ਹੇਠਾਂ ਲਿਖੇ ਕਾਵ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।**<br>**ੳ (1) ਆਓ ਰਲ ਮਿਲ ਰੁੱਖ ਲਗਾਈਏ**<br>**ੳ (2) ਮਨਰਾਜ**<br>**ੳ (3) ਪੰਛੀ**<br>**ੳ (4) ਆਲ੍ਹਣੇ**<br>**ੳ (5) ਘਰ - ਘਾਟ** | **(5)** |
| **ਪ੍ਰ. 6** | **ਪਾਠ - 1 'ਖੇਡੋ ਹੋਲੀ' ਦਾ ਸਾਰ ਲਿਖੋ ।**<br>**'ਖੇਡੋ ਹੋਲੀ ' ਕਵਿਤਾ ' ਸ੍ਰੀ ਜਸਪਾਲ ਜੀਰਵੀ ' ਦੀ ਲਿਖੀ ਹੋਈ ਹੈ। ਇਸ ਕਵਿਤਾ ਵਿੱਚ ਕਵੀ ਬੱਚਿਆਂ ਨੂੰ ਹੋਲੀ ਦੇ ਤਿਉਹਾਰ ਦਾ ਜਸ਼ਨ ਮਨਾਉਣ ਬਾਰੇ ਸਲਾਹ ਦਿੰਦੇ ਹੋਏ ਕਹਿੰਦੇ ਹਨ ਕਿ ਜੇ ਸਾਨੂੰ ਹੋਲੀ ਦਾ ਤਿਉਹਾਰ ਬੋਲੀ ਪਾ ਕੇ ਮਨਾਉਣਾ ਹੈ ਤਾਂ ਢੋਲ ਵਜਾਉਣ ਵਾਲੇ ਨੂੰ ਬੁਲਾ ਲਿਆ ਜਾਵੇ। ਕਵੀ ਸਾਨੂੰ ਪਾਣੀ ਵਾਲੇ ਰੰਗਾਂ ਨਾਲ ਨਾ ਖੇਡਣ ਦੀ ਸਲਾਹ ਦਿੰਦੇ ਹਨ ਤੇ ਕਹਿੰਦੇ ਹਨ ਕਿ ਸਾਨੂੰ ਭਵਿੱਖ ਲਈ ਪਾਣੀ ਬਚਾਉਣਾ ਚਾਹੀਦਾ ਹੈ ਤੇ ਜੋ ਖੁਸ਼ੀ ਖੁਸ਼ੀ ਰੰਗ ਲਗਵਾਉਣਾ ਚਾਹਵੇ, ਉਸਨੂੰ ਹੀ ਰੰਗ ਲਗਾਉਣਾ ਚਾਹੀਦਾ ਹੈ। ਸਾਨੂੰ ਹੋਲੀ ਵਾਲੇ ਦਿਨ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ। ਇਹ ਖੁਸ਼ੀਆਂ ਦਾ ਤਿਉਹਾਰ ਹੈ ਤੇ ਇਸ ਦਿਨ ਸਾਨੂੰ ਆਪਣੇ ਗਿਲੇ ਸ਼ਿਕਵੇ ਮਿਟਾ ਕੇ ਆਪਣੇ ਨਰਾਜ਼ ਦੋਸਤਾਂ ਨੂੰ ਰੰਗ ਲਗਾ ਕੇ ਮਨਾ ਲੈਣਾ ਚਾਹੀਦਾ ਹੈ।** | **(4)** |

| | | |
|---|---|---|
| ਪ੍ਰ 7 | **ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ੳ (ੳ) ਸ਼ਹਿਦ ਫੁੱਲਾਂ ਦੇ ਰਸ (ਨੈਕਟਰ) ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਸ਼ਹਿਦ ਦੀਆਂ ਮੱਖੀਆਂ ਬਣਾਉਂਦੀਆਂ ਹਨ।<br>ੳ (ਅ) ਕਿਸਾਨ ਨੂੰ ਵਾਢੀ ਲਈ ਮਜ਼ਦੂਰ ਇਸ ਲਈ ਨਹੀਂ ਮਿਲ ਰਹੇ ਸਨ ਕਿਉਂਕਿ ਸਾਰੇ ਮਜ਼ਦੂਰ ਕੰਮ ਵਿੱਚ ਲੱਗੇ ਹੋਏ ਸਨ। | **2*2=4** |
| **ਪ੍ਰ. 8** | **ਖਾਲੀ ਥਾਵਾਂ ਭਰੋ :-**<br>(1) ਸ਼ਹਿਦ<br>(2) ਵਾਢੀ<br>(3) ਇੱਕ | **(3)** |
| ਪ੍ਰ 9 | **ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨ ਦੇ ਸਹੀ ਉੱਤਰ ਚੁਣੋ :-**<br>**(1)**(ਅ) ਸ਼ਹਿਦ<br>(2) (ਅ) ਤੂੰ ਬੁੱਧੂ ਦਾ ਮੂੰਹ ਪੂੰਛ ਤੇ ਮੈਂ ਚਲਦੀ ਹਾਂ।<br>(3) (ੲ) ਫੁੱਲਾਂ ਤੋਂ<br>(4)(ੳ) ਕਿਉਂਕਿ ਉਹ ਤਿਉਹਾਰ ਵਾਲੇ ਦਿਨ ਵੀ ਕੰਮ ਤੇ ਆਏ ਸਨ। | **(4)** |
| ਪ੍ਰ 10 | **ਹੇਠਾਂ ਦਿਤੇ ਗਏ ਵਾਕ ਪੜ੍ਹ ਕੇ ਸਹੀ ਤੇ ਗਲਤ ਦਾ ਨਿਸ਼ਾਨ ਲਗਾਓ -**<br>**1. ਗਲਤ**<br>**2. ਸਹੀ** | **(2)** |
| **ਪ੍ਰ. 11** | **ਕਿਸ ਨੇ ਕਿਸ ਨੂੰ ਕਿਹਾ_____**<br>(ੳ) ਪੂੜੀ ਨੇ ਗੁਰੋ ਨੂੰ | **(1)** |

ਓ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ

ਨਵੰਬਰ ਪੀ੍ਖਿਆ (2024)

ਵਿਸ਼ਾ : ਪੰਜਾਬੀ। ( Set A)

ਜਮਾਤ : ਛੇਵੀਂ। ਅਧਿਕਤਮ ਅੰਕ 30

ਸਮਾਂ :- 1.20 ਮਿੰਟ

ਜ਼ਰੂਰੀ ਸੂਚਨਾ :-ਜੇਕਰ ਅਜਿਹਾ ਕੋਈ ਸਹੀ ਉੱਤਰ ਜਿਹੜਾ ਵਿਦਿਆਰਥੀ ਨੇ ਲਿਖਿਆ ਹੈ ਪਰ ਉੱਤਰ ਕੁੰਜੀ ਵਿੱਚ ਦਰਜ ਨਹੀਂ ਹੈ ਤਾਂ ਉਸ ਦੇ ਵੀ ਅੰਕ ਦਿੱਤੇ ਜਾਣਗੇ ।

| | | |
|---|---|---|
| | **ਭਾਗ-(ੳ) ਵਿਆਕਰਨ** | |
| ਪ੍ਰ. 1 | **ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ :-**<br>(ੳ) ਨਾਗਣੀ (ਅ) ਗਰੀਬਣੀ | (2) |
| ਪ੍ਰ. 2 | **ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ :-** (ੳ) ਚਾਚੇ (ਅ ) ਕਲਮਾਂ | (2) |
| ਪ੍ਰ 3 | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-**<br>1. ਬਾਹਰ 2. ਅਸੰਭਵ | (2) |
| ਪ੍ਰ 4 | **ਹੇਠਾਂ ਲਿਖੇ ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ।**<br>**(ੳ) ਅਮੀਰ, ਧਨਾਢ, ਧਨਵਾਨ** | (1) |
| | **ਭਾਗ (ਅ) ਸਾਹਿਤ** | |
| ਪ੍ਰ 5 | **ਹੇਠਾਂ ਲਿਖੇ ਕਾਵ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।**<br>**ੳ (1) ' ਆਓ ਰਲ ਮਿਲ ਰੁੱਖ ਲਗਾਈਏ ।**<br>**ੳ (2) 'ਮਨਰਾਜ '**<br>**ੳ (3) ਰੁੱਖ ਸਾਨੂੰ ਆਕਸੀਜਨ, ਲੱਕੜ, ਫੁੱਲ, ਫ਼ਲ ਦਿੰਦੇ ਹਨ।**<br>**ੳ (4) ਮਾਂ ਵਰਗੀ।**<br>**ੳ (5) ਰੁੱਖ** | (5) |
| ਪ੍ਰ. 6 | **ਪਾਠ - 1 'ਖੇਡੋ ਹੋਲੀ' ਦਾ ਸਾਰ ਲਿਖੋ ।**<br>**'ਖੇਡੋ ਹੋਲੀ ' ਕਵਿਤਾ ' ਸ੍ਰੀ ਜਸਪਾਲ ਜੀਰਵੀ ' ਦੀ ਲਿਖੀ ਹੋਈ ਹੈ। ਇਸ ਕਵਿਤਾ ਵਿੱਚ ਕਵੀ ਬੱਚਿਆਂ ਨੂੰ ਹੋਲੀ ਦੇ ਤਿਉਹਾਰ ਦਾ ਜਸ਼ਨ ਮਨਾਉਣ ਬਾਰੇ ਸਲਾਹ ਦਿੰਦੇ ਹੋਏ ਕਹਿੰਦੇ ਹਨ ਕਿ ਜੇ ਸਾਨੂੰ ਹੋਲੀ ਦਾ ਤਿਉਹਾਰ ਬੋਲੀ ਪਾ ਕੇ ਮਨਾਉਣਾ ਹੈ ਤਾਂ ਢੋਲ ਵਜਾਉਣ ਵਾਲੇ ਨੂੰ ਬੁਲਾ ਲਿਆ ਜਾਵੇ। ਕਵੀ ਸਾਨੂੰ ਪਾਣੀ ਵਾਲੇ ਰੰਗਾਂ ਨਾਲ ਨਾ ਖੇਡਣ ਦੀ ਸਲਾਹ ਦਿੰਦੇ ਹਨ ਤੇ ਕਹਿੰਦੇ ਹਨ ਕਿ ਸਾਨੂੰ ਭਵਿੱਖ ਲਈ ਪਾਣੀ ਬਚਾਉਣਾ ਚਾਹੀਦਾ ਹੈ ਤੇ ਜੋ ਖੁਸ਼ੀ ਖੁਸ਼ੀ ਰੰਗ ਲਗਵਾਉਣਾ ਚਾਹਵੇ, ਉਸਨੂੰ ਹੀ ਰੰਗ ਲਗਾਉਣਾ ਚਾਹੀਦਾ ਹੈ। ਸਾਨੂੰ ਹੋਲੀ ਵਾਲੇ ਦਿਨ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ। ਇਹ ਖੁਸ਼ੀਆਂ ਦਾ ਤਿਉਹਾਰ ਹੈ ਤੇ ਇਸ ਦਿਨ ਸਾਨੂੰ ਆਪਣੇ ਗਿਲੇ ਸ਼ਿਕਵੇ ਮਿਟਾ ਕੇ ਆਪਣੇ ਨਰਾਜ਼ ਦੋਸਤਾਂ ਨੂੰ ਰੰਗ ਲਗਾ ਕੇ ਮਨਾ ਲੈਣਾ ਚਾਹੀਦਾ ਹੈ।** | (4) |

| | | |
|---|---|---|
| ਪ੍ਰ 7 | **ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ੳ (ੳ) ਮੱਖੀ - ਪਾਲਕ ਮੱਖੀਆਂ ਨੂੰ ਲੱਕੜੀ ਦੇ ਬਣੇ ਫਰੇਮ ਵਿੱਚ ਬਣੇ ਛੱਤੇ ਵਿੱਚ ਪਾਲਦੇ ਹਨ। ਇਹਨਾਂ ਮੱਖੀਆਂ ਤੋਂ ਪ੍ਰਾਪਤ ਸ਼ਹਿਦ ਨੂੰ ਮਸ਼ੀਨਾਂ ਦੀ ਮਦਦ ਨਾਲ ਇਕੱਠਾ ਕਰਦੇ ਹਨ।<br>ੳ (ਅ) ਮਨਸੇ ਨੂੰ ਡਰ ਸੀ ਕਿ ਮੀਂਹ ਪੈਣ ਨਾਲ ਫ਼ਸਲ ਖਰਾਬ ਨਾ ਹੋ ਜਾਵੇ। | **2*2=4** |
| **ਪ੍ਰ. 8** | **ਖਾਲੀ ਥਾਵਾਂ ਭਰੋ :-**<br>(1) ਪੂੜੀਆਂ<br>(2) ਹੈਂਕੜ<br>(3) ਰਾਣੀ | **(3)** |
| ਪ੍ਰ 9 | **ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨ ਦੇ ਸਹੀ ਉੱਤਰ ਚੁਣੋ :-**<br>**(1)**(ੳ) ਗਲਾ ਖਰਾਬ ਹੋਣ 'ਤੇ<br>(2) (ਅ) ਘਰ ਵਿੱਚ ਕੰਮ ਕਰਨ ਵਾਲਿਆਂ ਦੀ ਕਮੀ ਸੀ<br>(3) (ੲ) ਕਾਮਾ ਮੱਖੀਆਂ<br>(4) (ੳ) ਕਿਉਂਕਿ ਉਹ ਤਿਉਹਾਰ ਵਾਲੇ ਦਿਨ ਵੀ ਕੰਮ ਤੇ ਆਏ ਸਨ। | **(4)** |
| ਪ੍ਰ 10 | **ਹੇਠਾ ਦਿਤੇ ਗਏ ਵਾਕ ਪੜ੍ਹ ਕੇ ਸਹੀ ਤੇ ਗਲਤ ਦਾ ਨਿਸ਼ਾਨ ਲਗਾਓ -**<br>**1. ਗਲਤ**<br>**2. ਸਹੀ** | **(2)** |
| **ਪ੍ਰ. 11** | **ਕਿਸ ਨੇ ਕਿਸ ਨੂੰ ਕਿਹਾ_____**<br>(ੳ) ਮਨਸੇ ਨੇ ਗੁਰੋ ਨੂੰ | **(1)** |